ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
ਦਫਤਰ: ਮੁੱਖ ਇੰਜੀਨੀਅਰ/ ਵਣਜ਼, ਪਟਿਆਲਾ

ਵੱਲ :

ਵੱਣਜ਼ ਗਸ਼ਤੀ ਪੱਤਰ ਨੰ: 15 /2013

ਸਾਰੇ ਇੰਜੀਨੀਅਰ-ਇੰਨ-ਚੀਫ / ਮੁੱਖ ਇੰਜੀਨੀਅਰਜ਼ (ਵੰਡ)
ਅਧੀਨ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ। 2 ਕਾਪੀਆਂ

ਮੀਮੋ ਨੰ: 394/98 / ਐਸਐਸਐਮ-414/ਟਿਊਬਵੈਲ ਪਾਲਿਸੀ /2013-14
ਮਿਤੀ : 18/3/13

ਵਿਸ਼ਾ: **ਪੰਜਾਬ ਸਰਕਾਰ ਵੱਲੋਂ ਸਥਾਪਿਤ ਕੀਤੇ/ਕੀਤੇ ਜਾ ਰਹੇ ਆਦਰਸ਼ ਸਕੂਲਾਂ ਨੂੰ ਪਹਿਲ ਦੇ ਅਧਾਰ ਤੇ ਏ.ਪੀ ਟਿਊਬਵੈਲ ਕੁਨੈਕਸ਼ਨ ਦੇਣ ਸਬੰਧੀ ।**

ਪੰਜਾਬ ਸਰਕਾਰ ਵੱਲੋਂ ਸਥਾਪਿਤ ਕੀਤੇ ਜਾ ਰਹੇ ਸਰਕਾਰੀ ਆਦਰਸ਼ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਦੀ ਪੜ੍ਹਾਈ ਦਾ ਪੱਧਰ ਉਚਾ ਕਰਨ ਅਤੇ ਉਨ੍ਹਾਂ ਨੂੰ ਚੰਗੀਆਂ ਸਹੂਲਤਾਂ ਦੇਣ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੇ ਮੱਦੇਨਜ਼ਰ ਆਦਰਸ਼ ਸਕੂਲਾਂ ਦੀ ਵਾਹੀ ਯੋਗ ਜਮੀਨ ਵਿਚ ਪਹਿਲ ਦੇ ਅਧਾਰ ਤੇ ਏ.ਪੀ. ਟਿਊਬਵੈੱਲ ਕੁਨੈਕਸ਼ਨ ਦੇਣ ਦੀ ਤਜਵੀਜ ਵਿਚਾਰੀ ਗਈ ਅਤੇ ਇਹਨਾਂ ਸਕੂਲਾਂ ਦੀ ਵਾਹੀ ਯੋਗ ਜਮੀਨ ਦੀ ਸਿੰਚਾਈ ਲਈ ਇਕ ਜਾਂ ਇਕ ਤੋਂ ਵੱਧ ਟਿਊਬਵੈਲ ਕੁਨੈਕਸ਼ਨ ਪਹਿਲ ਦੇ ਅਧਾਰ ਤੇ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਦੇਣ ਦਾ ਫੈਸਲਾ ਕੀਤਾ :-

i) ਇਹ ਪਹਿਲਤਾ ਪੰਜਾਬ ਸਰਕਾਰ ਵੱਲੋਂ ਸਥਾਪਿਤ ਕੀਤੇ ਗਏ/ਕੀਤੇ ਜਾ ਰਹੇ ਸਰਕਾਰੀ ਆਦਰਸ਼ ਸਕੂਲਾਂ ਲਈ ਹੀ ਲਾਗੂ ਹੋਵੇਗੀ ।

ii) ਸਿੰਚਾਈ ਕਰਨ ਵਾਲੀ ਘੱਟੋ ਘੱਟ 3 ਏਕੜ ਜ਼ਮੀਨ ਸਰਕਾਰੀ ਆਦਰਸ਼ ਸਕੂਲ ਦੇ ਨਾਂ ਤੇ ਹੋਣੀ ਲਾਜ਼ਮੀ ਹੈ ਅਤੇ ਬਿਨੈਕਾਰ ਨੂੰ ਮਾਲਕੀ ਦੇ ਸਬੂਤ ਵਜੋਂ ਏ. ਐਂਡ ਏ ਦੇ ਨਾਲ ਘੱਟੋ ਘੱਟ 3 ਏਕੜ ਜ਼ਮੀਨ ਦੀ ਫਰਦ ਪੇਸ਼ ਕਰਨੀ ਹੋਵੇਗੀ।

iii) ਇਹ ਪਹਿਲਤਾ ਕੁਨੈਕਸ਼ਨ ਜਾਰੀ ਕਰਨ ਤੱਕ ਲਈ ਹੋਵੇਗੀ ਅਤੇ ਇਸ ਪਹਿਲਤਾ ਅਧੀਨ ਕੁਨੈਕਸਨ ਜਾਰੀ ਕਰਨ ਲਈ ਓਵਰ ਰਾਈਡਿੰਗ ਪ੍ਰਾਇਓਰਟੀ ਦਿੱਤੀ ਜਾਵੇਗੀ ।

iv) ਵਣਜ ਗਸ਼ਤੀ ਪੱਤਰ ਨੰ: 28/10 ਮਿਤੀ 18.6.10 ਅਤੇ 31/2012 ਮਿਤੀ 21.9.2012 ਰਾਹੀਂ ਸਪਲਾਈ ਕੋਡ ਦੀ ਰੈਗੁਲੇਸ਼ਨ 9.1.1(v) ਵਿੱਚ ਕੀਤੇ ਪ੍ਰਾਵਧਾਨ ਅਨੁਸਾਰ ਬਿਨੈਕਾਰ ਤੋਂ ਕੁਨੈਕਸ਼ਨ ਦੇਣ ਵੇਲੇ ਪੀ.ਐਸ.ਈ.ਆਰ.ਸੀ ਦੁਆਰਾ ਪ੍ਰਵਾਨਿਤ ਲਾਗੂ ਪ੍ਰਤੀ ਬੀ.ਐਚ.ਪੀ. ਸ਼ਰਵਿਸ ਕੁਨੈਕਸ਼ਨ ਚਾਰਜਿਜ਼ ਜਾਂ ਅਸਲ ਖਰਚਾ ਜਿਹੜਾ ਵੀ ਵੱਧ ਹੋਵੇ ਵਸੂਲਿਆ ਜਾਵੇ।

v) ਇਸ ਪਹਿਲਤਾ ਅਧੀਨ ਕੁਨੈਕਸ਼ਨ ਆਦਰਸ਼ ਸਕੂਲ ਦੇ ਪ੍ਰਿੰਸੀਪਲ/ਹੈੱਡ ਮਾਸਟਰ ਦੇ ਨਾਮ ਤੇ ਜਾਰੀ ਕੀਤਾ ਜਾਵੇਗਾ।

vi) ਇਸ ਪਹਿਲਤਾ ਲਈ ਬਿਨੈ ਪੱਤਰ ਦੇਣ ਸਮੇਂ ਆਦਰਸ਼ ਸਕੂਲ ਦੇ ਪ੍ਰਿੰਸੀਪਲ/ਹੈੱਡ ਮਾਸਟਰ ਇੱਕ ਅੰਡਰਟੇਕਿੰਗ ਦੇਣਗੇ ਕਿ ਉਹ ਇਸ ਪਹਿਲਤਾ ਅਧੀਨ ਜਾਰੀ ਕੁਨੈਕਸ਼ਨ ਦੀ ਵਰਤੋਂ ਸਿਰਫ ਸਕੂਲ ਦੀ ਖੇਤੀਬਾੜੀ ਜ਼ਮੀਨ ਦੀ ਸਿੰਚਾਈ ਲਈ ਹੀ ਕਰਨਗੇ ਅਤੇ ਕਿਸੇ ਹੋਰ ਦੇ ਨਾਂ ਤੇ ਜ਼ਮੀਨ ਦੀ ਸਿੰਚਾਈ ਕਰਕੇ ਇਸ ਦੀ ਵਰਤੋਂ ਨਹੀਂ ਕਰਨਗੇ ।

vii) ਇਹ ਕੁਨੈਕਸ਼ਨ ਦੀ ਭਵਿੱਖ ਵਿੱਚ ਕਿਸੇ ਦੂਸਰੀ ਜਗ੍ਹਾ ਸ਼ਿਫਟਿੰਗ ਜਾਂ ਨਾਮ ਆਦਿ ਦੀ ਤਬਦੀਲੀ ਨਹੀਂ ਕੀਤੀ ਜਾਵੇਗੀ।

viii) ਇਹਨਾ ਆਦਰਸ਼ ਸਕੂਲਾਂ ਨੂੰ ਇਕ ਜਾਂ ਇਕ ਤੋ ਵੱਧ ਟਿਊਬਵੈਲ ਕੁਨੈਕਸ਼ਨ ਜਾਰੀ ਕਰਨ ਦੀ ਮੰਨਜੂਰੀ ਦੇਣ ਸੰਬੰਧੀ ਵਧੀਕ ਨਿਗਰਾਨ ਇੰਜ:/ਸੀਨੀ: ਕਾਰਜਕਾਰੀ ਇੰਜ:/ਵੰਡ ਸਮਰੱਥ ਅਧਿਕਾਰੀ ਹੋਣਗੇ ਅਤੇ ਅਜਿਹੀ ਪਹਿਲਤਾ ਅਧੀਨ ਇਕ

ਤੋ ਵੱਧ ਕੁਨੈਕਸ਼ਨ ਜਾਰੀ ਕਰਨ ਦੀ ਕਾਰਜਵਾਦ ਮੰਨਜੂਰੀ ਉਹਨਾਂ ਵੱਲੋਂ ਹਲਕੇ ਦੇ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ/ਵੰਡ ਕੋਲੋ ਬਾਅਦ ਵਿਚ ਲੈ ਲਈ ਜਾਵੇਗੀ।

ਉਪਰੋਕਤ ਹਦਾਇਤਾਂ ਦੀ ਫੀਲਡ ਦਫਤਰਾਂ ਵੱਲੋਂ ਇੰਨ੍ਹ ਬਿੰਨ੍ਹ ਪਾਲਣਾ ਯਕੀਨੀ ਬਣਾਈ ਜਾਵੇ ।

ਉਪ ਮੁੱਖ ਇੰਜੀ/ਵਿਕਰੀ-1
ਵਾ: ਮੁੱਖ ਇੰਜੀਨੀਅਰ/ਵਣਜ,
ਪੰ:ਰਾ:ਪਾ:ਕਾ:ਲਿ,ਪਟਿਆਲਾ।

ਪਿੱਠ ਅੰਕਣ ਨੰ: 399/437/ਐਸਐਸਐਮ-414/ਟਿਊਬਵੈਲ ਪਾਲਿਸੀ /2013-14 ਮਿਤੀ 18-03-2013

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ,ਪੰ:ਰਾ:ਪਾ:ਕਾ:ਲਿਮਟਿਡ, ਪਟਿਆਲਾ।
2) ਸਾਰੇ ਨਿਰਦੇਸ਼ਕ,ਪੰ:ਰਾ:ਪਾ:ਕਾ:ਲਿਮਟਿਡ,ਪਟਿਆਲਾ।
3) ਵਿੱਤ ਕਮਿਸ਼ਨਰ/ ਫਾਇਨਾਸ਼ ਟੂ ਗੋਰਮਿੰਟ ਪੰਜਾਬ ਐੱਕਸ-ਆਫੀਸੋ ਮੈਂਬਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ, ਚੰਡੀਗੜ੍ਹ ।
4) ਸਕੱਤਰ/ ਬਿਜਲੀ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ ।
5) ਸਕੱਤਰ, ਪੰਜਾਬ ਸਰਕਾਰ/ਇੰਡ: ਅਤੇ ਕਾਮਰਸ਼ ਵਿਭਾਗ, ਪੰਜਾਬ ਸਰਕਾਰ,ਚੰਡੀਗੜ੍ਹ ।
6) ਪ੍ਰੈਜੀਡੈਂਟ, ਸਟੇਟ ਡਿਸਪਿਊਟ ਰਿਡਰੈਸਲ ਕਮਿਸ਼ਨ (ਪੰਜਾਬ) SCO ਨੰ:3009-10, ਸੈਕਟਰ-22, ਚੰਡੀਗੜ੍ਹ।
7) ਮੁੱਖ ਇੰਜਨੀਅਰ/ਚੇਅਰਮੈਨ (ਫੋਰਮ),ਪੀ-1,ਵਾਈਟ ਹਾਊਸ ਰਾਜਪੁਰਾ ਕਲੋਨੀ, ਪਟਿਆਲਾ।
8) ਸਕੱਤਰ/ਪੰਜਾਬ ਰਾਜ ਬਿਜਲੀ ਰੈਗੁਲੇਟਰੀ ਕਮਿਸ਼ਨ,ਐਸ.ਸੀ.ਓ.ਨੰ:220-221, ਸੈਕਟਰ-34 ਏ.ਚੰਡੀਗੜ੍ਹ।
9) Ombudsman, Electricity Punjab 66 KV Grid Sub-Station, Plot No.A-2, Industrial Area, Phase-1, SAS Nagar (Mohali)-160055.
10) ਨਿੱਜੀ ਸਕੱਤਰ ਟੂ ਬਿਜਲੀ ਮੰਤਰੀ ,ਪੰਜਾਬ ਸਿਵਲ ਸਕੱਤਰੇਤ, ਪੰਜਾਬ ਸਰਕਾਰ, ਚੰਡੀਗੜ੍ਹ।
11) ਮੁੱਖ ਬਿਜਲੀ ਇੰਸਪੈਕਟਰ, ਪੰਜਾਬ ਸਰਕਾਰ, ਪਟਿਆਲਾ।
12) ਚੀਫ ਕੋ-ਆਰਡੀਨੇਟਰ, ਉਦਯੋਗ ਸਹਾਇਕ ਡਾਇਰੈਕਟਰ ਆਫ ਇੰਡਸਟ੍ਰੀਜ਼, ਪੰਜਾਬ ਸੈਕਟਰ-17, ਚੰਡੀਗੜ੍ਹ।
13) ਨਿਗਰਾਨ ਇੰਜ:/ਆਈ.ਟੀ.,ਪੰ:ਰਾ:ਪਾ:ਕਾ:ਲਿਮਟਿਡ,ਪਟਿਆਲਾ ਨੂੰ ਪੀ.ਐਸ.ਪੀ.ਸੀ.ਐਲ. ਦੀ ਵੈੱਬ ਸਾਈਟ ਤੇ ਅਪਲੋਡ ਕਰਨ ਹਿੱਤ।
14) Dy.CE/Sales-I, Dy.CE/Sales-II & Dy.CE/Billing,P.S.P.C.L., Patiala.
15) ਮੁੱਖ ਲੇਖਾ ਅਫਸਰ/ਮਾਲ, ਫਲੈਟ ਨੰ:9, ਸ਼ਕਤੀ ਵਿਹਾਰ, ਪੀ.ਐਸ.ਪੀ.ਸੀ.ਐਲ., ਪਟਿਆਲਾ ।

ਵਧੀਕ ਨਿਗ:ਇੰਜ:/ਵਿਕਰੀ-2,
ਵਾਸਤੇ ਪ੍ਰਮੁੱਖ ਇੰਜੀਨੀਅਰ/ਵੱਣਜ,
ਪੀ.ਐਸ.ਪੀ.ਸੀ.ਐਲ,ਪਟਿਆਲਾ